25 ਜੁਲਾਈ, 2018

## ਡਾਉਨਟਾਉਨ ਬ੍ਰੈਂਪਟਨ ਦੇ ਕਾਇਆ ਪਲਟ ਵਿੱਚ ਅਲਗੋਮਾ ਵਿਸਤਾਰ ਸ਼ਾਮਲ ਕੀਤਾ ਜਾ ਰਿਹਾ ਹੈ

ਬ੍ਰੈਂਪਟਨ, ਓਨਟੈਰੀਓ – ਬ੍ਰੈਂਪਟਨ ਡਾਉਨਟਾਉਨ ਵਿੱਚ ਰੋਮਾਂਚਕ ਵਿਕਾਸ ਅੱਜ ਵੀ ਜਾਰੀ ਰਹੇ ਕਿਉਂਕਿ ਅਲਗੋਮਾ ਯੂਨੀਵਰਸਿਟੀ (Algoma University) ਨੇ ਇੱਕ ਨਵੇਂ ਸਕੂਲ ਆਫ ਬਿਜਨਸ ਐਂਡ ਇਕੋਨੋਮਿਕਸ (School of Business and Economics) ਦਾ ਐਲਾਨ ਕੀਤਾ। ਯੂਨੀਵਰਸਿਟੀ ਦੇ ਬ੍ਰੈਂਪਟਨ ਕੈਂਪਸ ਵਿਖੇ ਇਹ ਵਿਸਤ੍ਰਿਤ ਪ੍ਰੋਗਰਾਮਿੰਗ ਇਸ ਸਤੰਬਰ ਦਾਖ਼ਲੇ ਲਈ ਸ਼ੁਰੂ ਹੋਵੇਗਾ। ਬ੍ਰੈਂਪਟਨ ਅਤੇ ਜੀ.ਟੀ.ਏ. (GTA) ਵਿੱਚ ਵਿਦਿਆਰਥੀਆਂ ਕੋਲ ਹੁਣ ਬਿਜਨਸ ਜਾਂ ਫਾਈਨੈਂਸ ਐਂਡ ਇਕੋਨੋਮਿਕਸ ਵਿੱਚ, ਦੋ ਨਵੀਆਂ ਚਾਰ-ਸਾਲਾ ਬੈਚਲਰ (ਸਨਾਤਕ) ਡਿਗਰੀਆਂ ਦਾ ਵਿਕਲਪ ਹੋਵੇਗਾ, ਇਹ ਦੋਵੇਂ ਡਾਉਨਟਾਉਨ ਬ੍ਰੈਂਪਟਨ ਦੇ ਕੇਂਦਰ ਵਿੱਚ ਪੇਸ਼ ਕੀਤੀਆਂ ਜਾਂਦੀਆਂ ਹਨ।

ਇਹ ਰੋਮਾਂਚਕ ਖ਼ਬਰ ਬ੍ਰੈਂਪਟਨ ਦੇ ਕੇਂਦਰ ਵਿੱਚ ਨਵੇਂ ਵਿਕਾਸਾਂ ਅਤੇ ਕਾਇਆ ਪਲਟ ਵਿੱਚ ਉਤਸ਼ਾਹ ਸ਼ਾਮਲ ਕਰਦੀ ਹੈ, ਖ਼ਾਸ ਕਰਕੇ ਇਸਲਈ ਕਿਉਂਕਿ ਇਹ ਬ੍ਰੈਂਪਟਨ ਅਤੇ ਜੀ.ਟੀ.ਏ. ਦੇ ਵਿਦਿਆਰਥੀਆਂ ਲਈ ਨਵੇਂ ਪੋਸਟ-ਸੈਕੰਡਰੀ ਵਿਕਲਪਾਂ ਨਾਲ ਸਬੰਧਤ ਹੈ। ਨਵੇਂ ਰਾਇਰਸਨ ਯੂਨੀਵਰਸਿਟੀ (Ryerson University) ਕੈਂਪਸ ਲਈ ਪੂਰੀ ਤਰ੍ਹਾਂ ਜਾਰੀ ਯੋਜਨਾਵਾਂ, ਅਤੇ ਪਤਝੜ ਦੀ ਰੁੱਤ ਵਿੱਚ ਡਾਉਨਟਾਉਨ ਰੀਇਮੈਜਨਿਡ (ਪੁਨਰਵਿਚਾਰਿਤ) (Downtown Reimagined) ਪ੍ਰੋਜੈਕਟ ਦਾ ਕੰਮ ਸ਼ੁਰੂ ਹੋਣ ਦੇ ਨਾਲ, ਬ੍ਰੈਂਪਟਨ ਦਾ ਡਾਉਨਟਾਉਨ ਸਿੱਖਣ, ਕੰਮ ਕਰਨ ਅਤੇ ਖੇਡਣ ਦਾ ਟਿਕਾਣਾ ਬਣ ਗਿਆ ਹੈ।

ਅਲਗੋਮਾ ਯੂਨੀਵਰਸਿਟੀ ਦੇ ਕਾਰੋਬਾਰੀ ਪ੍ਰੋਗਰਾਮਿੰਗ ਦਾ ਅਗਲਾ ਖੰਡ (ਚੈਪਟਰ) ਮੁਕਾਬਲੇਦਾਰਾਂ ਨਾਲੋਂ ਘੱਟ ਮੁੱਲ ਵਾਲੀਆਂ ਅਤੇ ਵਧੀਆ ਕਿਸਮ ਦੀਆਂ ਅਕਾਦਮਿਕ ਪੇਸ਼ਕਸ਼ਾਂ ਮੁਹੱਈਆ ਕਰਨ ਲਈ ਯੂਨੀਵਰਸਿਟੀ ਦੀ ਵਚਨਬੱਧਤਾ 'ਤੇ ਆਧਾਰਿਤ ਹੈ, ਜੋ ਸਥਾਨਕ ਕਾਰੋਬਾਰੀ ਭਾਈਚਾਰੇ ਅਤੇ ਹੋਰਾਂ ਦੀਆਂ ਲੋੜਾਂ ਦਾ ਸਮਰਥਨ ਕਰਦੇ ਹੋਏ, ਵਿਦਿਆਰਥੀਆਂ ਨੂੰ ਲੰਮੀ-ਮਿਆਦ ਦੀ ਕੈਰੀਅਰ ਸਫਲਤਾ ਲਈ ਤਿਆਰ ਕਰਦਾ ਹੈ।

ਅਲਗੋਮਾ ਯੂਨੀਵਰਸਿਟੀ ਨੇ ਸਿਰਫ਼ 40 ਤੋਂ ਘੱਟ ਵਿਦਿਆਰਥੀਆਂ ਦੇ ਨਾਲ, 2010 ਦੀ ਪਤਝੜ ਰੁੱਤ ਵਿੱਚ ਡਾਉਨਟਾਉਨ ਬ੍ਰੈਂਪਟਨ ਵਿੱਚ, ਬੈਚਲਰ ਆਫ ਬਿਜਨਸ ਐਡਮਿਨਿਸਟ੍ਰੇਸ਼ਨ (Bachelor of Business Administration) ਤਿਆਰੀ (ਪਾਥਵੇ) ਪ੍ਰੋਗਰਾਮ ਪੇਸ਼ ਕਰਨਾ ਸ਼ੁਰੂ ਕੀਤਾ ਸੀ। ਸ਼ੁਰੂਆਤੀ ਪ੍ਰੋਗਰਾਮ ਮਾੱਡਲ ਕਾਲੇਜ ਡਿਪਲੋਮਾ ਹੋਲਡਰਾਂ 'ਤੇ ਕੇਂਦਰਿਤ ਸੀ, ਜੋ ਆਪਣੇ ਪੇਸ਼ਾਵਰ ਕੈਰੀਅਰਾਂ ਵਿੱਚ ਅੱਗੇ ਵਧਣ ਲਈ ਇੱਕ ਅੰਡਰ ਗ੍ਰੈਜੂਏਟ ਬਿਜਨਸ ਡਿਗਰੀ ਪੂਰੀ ਕਰਨਾ ਚਾਹ ਰਹੇ ਸਨ। ਨਾਮਾਂਕਨ ਹਰ ਸਾਲ 100 ਤੋਂ ਵੱਧ ਵਿਦਿਆਰਥੀਆਂ ਤੱਕ ਵਧ ਗਿਆ ਸੀ, ਅਤੇ ਯੂਨੀਵਰਸਿਟੀ ਦੇ ਵਿਸਤਾਰ ਦੀਆਂ ਯੋਜਨਾਵਾਂ ਲਈ ਅਗਲੇ ਤਿੰਨ ਸਾਲਾਂ ਦੇ ਅੰਦਰ ਡਾਉਨਟਾਉਨ ਵਿੱਚ 500 ਤੋਂ ਵੱਧ ਵਿਦਿਆਰਥੀਆਂ ਦੀ ਲੋੜ ਹੈ।

**ਸੰਖੇਪ ਤੱਥ**

- ਲਗਭਗ 200 ਵਿਦਿਆਰਥੀਆਂ ਨੇ ਅਲਗੋਮਾ ਯੂਨੀਵਰਸਿਟੀ ਦੇ ਬ੍ਰੈਂਪਟਨ ਕੈਂਪਸ ਵਿਖੇ ਆਪਣੀਆਂ ਡਿਗਰੀ ਸਬੰਧੀ ਲੋੜਾਂ ਪੂਰੀਆਂ ਕੀਤੀਆਂ ਹਨ
- ਅਲਗੋਮਾ ਯੂਨੀਵਰਸਿਟੀ ਦੇ ਬ੍ਰੈਂਪਟਨ ਕੈਂਪਸ ਦੇ ਅੰਦਾਜ਼ਨ 70 ਪ੍ਰਤੀਸ਼ਤ ਵਿਦਿਆਰਥੀ ਬ੍ਰੈਂਪਟਨ ਤੋਂ ਜਾਂ ਬਿਲਕੁੱਲ ਨਾਲ ਲੱਗਦੇ ਭਾਈਚਾਰਿਆਂ ਤੋਂ ਹਨ। ਬਾਕੀ ਜੀ.ਟੀ.ਐਚ.ਏ. (GTHA) ਭਾਈਚਾਰਿਆਂ ਤੋਂ ਅਤੇ ਨਾਲ ਹੀ, ਚੀਨ (China), ਭਾਰਤ (India) ਅਤੇ ਹੋਰਾਂ ਦੇਸ਼ਾਂ ਤੋਂ ਵਿਦਿਆਰਥੀ ਹਨ।
- Ryerson University's new downtown campus (ਰਾਇਰਸਨ ਯੂਨੀਵਰਸਿਟੀ ਦਾ ਨਵਾਂ ਡਾਉਨਟਾਉਨ ਕੈਂਪਸ) ਨੂੰ ਇਸ ਸਮੇਂ ਸਾਈਬਰ ਸਾਇੰਸ ਅਤੇ ਬਿਜਨਸ 'ਤੇ ਵਿਆਪਕ ਇਕਾਗਰਤਾ ਦੇ ਨਾਲ ਅੰਡਰ ਗ੍ਰੈਜੂਏਟ ਪ੍ਰੋਗਰਾਮਾਂ ਵਿੱਚ ਅਨੁਭਵ-ਸਬੰਧੀ ਸਿਖਲਾਈ ਪੇਸ਼ ਕਰਦੇ ਹੋਏ, 2022 ਦੀ ਪਤਝੜ ਰੁੱਤ ਵਿੱਚ ਕਲਾਸਾਂ ਲਈ ਖੋਲ੍ਹੇ ਜਾਣ ਦੀ ਯੋਜਨਾ ਹੈ।

- ਸਿਟੀ ਨਵੀਨਤਾ ਅਤੇ ਇਨਕਿਉਬੇਸ਼ਨ (ਛੋਟੇ ਕਾਰੋਬਾਰੀਆਂ ਲਈ ਘੱਟ ਕਿਰਾਏ 'ਤੇ ਥਾਂ ਅਤੇ ਸਟਾਫ਼ ਮੁਹੱਈਆ ਕਰਨਾ) ਦੇ ਨਾਲ ਆਪਣੇ ਵਿਆਪਕ ਅਨੁਭਵ ਤੋਂ ਪ੍ਰਾਪਤ ਕੀਤੀਆਂ ਬਿਹਤਰ ਪੱਧਤੀਆਂ ਨੂੰ ਸਾਂਝਾ ਕਰਦੇ ਹੋਏ ਰਾਇਰਸਨ ਯੂਨੀਵਰਸਿਟੀ ਦੇ ਨਾਲ, ਇੱਕ business incubator (ਬਿਜਨਸ ਇਨਕਿਉਬੇਟਰ) ਅਤੇ ਸਾਂਝੀ ਕੀਤੀ ਥਾਂ ਸ਼ੁਰੂ ਕਰਨ ਲਈ ਡਾਉਨਟਾਉਨ ਵਿੱਚ ਥਾਂ ਖਾਲੀ ਕਰ ਰਹੀ ਹੈ।
- ਸਿਟੀ ਆਫ ਬ੍ਰੈਂਪਟਨ (City of Brampton) ਅਤੇ ਰੀਜਨ ਆਫ ਪੀਲ (Region of Peel) ਇੱਕ ਇੰਫਰਾਸਟ੍ਰਕਚਰ ਅੱਪਗ੍ਰੇਡ ਅਤੇ ਖੂਬਸੂਰਤੀ ਵਧਾਉਣ ਵਾਲਾ ਪ੍ਰੋਜੈਕਟ, Downtown Reimagined (ਡਾਉਨਟਾਉਨ ਰੀਇਮੈਜਨਿਡ) ਸ਼ੁਰੂ ਕਰਨ ਲਈ ਤਿਆਰ ਹਨ, ਜੋ ਇਤਿਹਾਸਿਕ ਫੋਰ ਕੋਰਨਰਸ (Four Corners) ਦੇ ਆਸਪਾਸ ਸੁਹਜਾਤਮਿਕ ਤੌਰ 'ਤੇ ਸੁੰਦਰ ਸਟ੍ਰੀਟਸਕੇਪ ਦੇ ਨਾਲ ਇੱਕ ਜੋਸ਼ੀਲਾ ਜਨਤਕ ਸਥਾਨ ਬਣਾਵੇਗਾ।

**ਹਵਾਲੇ**

"ਮੈਂ ਇਹ ਸੁਣ ਕੇ ਉਤਸ਼ਾਹਿਤ ਹਾਂ ਕਿ ਅਲਗੋਮਾ ਯੂਨੀਵਰਸਿਟੀ ਡਾਉਨਟਾਉਨ ਬ੍ਰੈਂਪਟਨ ਵਿੱਚ ਇੱਕ ਨਵਾਂ ਸਕੂਲ ਆਫ ਬਿਜਨਸ ਐਂਡ ਇਕੋਨੋਮਿਕਸ ਸ਼ਾਮਲ ਕਰਨ ਲਈ ਵਿਸਤਾਰ ਕਰ ਰਹੀ ਹੈ। ਇਹ ਨਵਾਂ ਪ੍ਰੋਗਰਾਮਿੰਗ ਸਾਡੇ ਸ਼ਹਿਰ ਵਿੱਚ ਜ਼ਿਆਦਾ ਵਧੀਆ ਕਿਸਮ ਦੀ ਸਿੱਖਿਆ ਪੇਸ਼ ਕਰਨ ਦੇ ਸਾਡੇ ਟੀਚੇ 'ਤੇ ਅਧਾਰਿਤ ਹੈ ਅਤੇ ਬ੍ਰੈਂਪਟਨ ਦੇ ਵਿਦਿਆਰਥੀਆਂ ਅਤੇ ਕਾਰੋਬਾਰੀਆਂ ਲਈ ਅੱਗੇ ਵਧਣ ਦੇ ਹੋਰ ਮੌਕੇ ਪੈਦਾ ਕਰਦਾ ਹੈ।"

- *ਬ੍ਰੈਂਪਟਨ ਮੇਅਰ ਲਿੰਡਾ ਜੈਫਰੀ (Linda Jeffrey)*

"ਅਲਗੋਮਾ ਯੂਨੀਵਰਸਿਟੀ ਨੂੰ ਬ੍ਰੈਂਪਟਨ ਵਿੱਚ ਪੋਸਟ-ਸੈਕੰਡਰੀ ਪਹੁੰਚ ਵਿੱਚ ਵਾਧਾ ਕਰਨ ਦੇ ਸਾਡੇ ਲੰਮੇ ਸਮੇਂ ਦੇ ਜਤਨਾਂ ਨਾਲ, ਵਿਕਾਸ ਦੇ ਅਗਲੇ ਰੋਮਾਂਚਕ ਪੜਾਅ ਦੇ ਤੌਰ 'ਤੇ ਸਕੂਲ ਆਫ ਬਿਜਨਸ ਐਂਡ ਇਕੋਨੋਮਿਕਸ ਸ਼ੁਰੂ ਕਰਨ 'ਤੇ ਮਾਣ ਹੈ। ਨਵਾਂ ਸਕੂਲ ਆਫ ਬਿਜਨਸ ਐਂਡ ਇਕੋਨੋਮਿਕਸ ਇਹ ਯਕੀਨੀ ਬਣਾਉਂਦੇ ਹੋਏ ਕਿ ਸਾਡੇ ਵਿਦਿਆਰਥੀ ਬ੍ਰੈਂਪਟਨ ਦੇ ਕਾਰੋਬਾਰੀ ਭਾਈਚਾਰੇ ਦੀਆਂ ਲੋੜਾਂ ਨੂੰ ਸਹਿਯੋਗ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ, ਸਾਡੇ ਪ੍ਰੋਗਰਾਮਾਂ ਦੀ ਕੁਆਲਿਟੀ ਵਿੱਚ ਵਾਧਾ ਕਰਨ ਦੇ ਪ੍ਰਤੀ ਸਾਡੀ ਨਿਰੰਤਰ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ। ਅਸੀਂ ਡਾਉਨਟਾਉਨ ਦੇ ਕੇਂਦਰ ਲਈ ਸਿਟੀ ਆਫ ਬ੍ਰੈਂਪਟਨ ਦੇ ਦ੍ਰਿਸ਼ਟੀਕੋਣ ਲਈ ਉਤਸ਼ਾਹਿਤ ਹਾਂ ਅਤੇ ਭਾਈਚਾਰੇ ਦੀਆਂ ਵਧਦੀਆਂ ਲੋੜਾਂ ਨੂੰ ਸਮੂਹਿਕ ਤੌਰ 'ਤੇ ਸਹਿਯੋਗ ਕਰਨ ਲਈ ਪੋਸਟ-ਸੈਕੰਡਰੀ ਖੇਤਰ ਵਿੱਚ ਮੰਤਰਾਲੇ (Ministry) ਅਤੇ ਸਾਡੇ ਭਾਈਵਾਲਾਂ ਦੇ ਨਾਲ ਕੰਮ ਕਰਨ ਦੀ ਉਡੀਕ ਵਿੱਚ ਹਾਂ।"

- *ਅਸਿਮਾ ਵੇਜ਼ਿਨਾ (Asima Vezina), ਪ੍ਰੈਜ਼ੀਡੈਂਟ ਐਂਡ ਵਾਈਸ ਚਾਂਸਲਰ, ਅਲਗੋਮਾ ਯੂਨੀਵਰਸਿਟੀ*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।